# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times    01 ਮਈ 2025 ਦਿਨ ਵੀਰਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ : ਹਰਮੰਦਰ ਸਿੰਘ ਬਰਾੜ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 1 ਮਈ : ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਸ. ਹਰਮੰਦਰ ਸਿੰਘ ਬਰਾੜ ਕੋਆਰਡੀਨੇਟਰ ਸਕੂਲ ਸਿੱਖਿਆ ਵਿਭਾਗ ਪੰਜਾਬ ਮਾਲਵਾ ਵੈਸਟ ਵੱਲੋਂ ਸਰਕਾਰੀ ਹਾਈ ਸਕੂਲ ਬੰਬੀਹਾ, ਸਰਕਾਰੀ ਪ੍ਰਾਇਮਰੀ ਸਕੂਲ ਰਾਏ ਕੇ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡੀਆਂ ’ਚ ਕਰਵਾਏ ਗਏ ਸਿੱਖਿਆ ਕ੍ਰਾਂਤੀ ਸਮਾਗਮ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ ਗਿਆ।

ਇਸ ਮੌਕੇ ਸ. ਹਰਮੰਦਰ ਸਿੰਘ ਬਰਾੜ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਿਤ ਹੋ ਰਹੀ ਹੈ ਤੇ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ।

ਇਸ ਦੌਰਾਨ ਉਨ੍ਹਾਂ ਵਲੋਂ ਸਰਕਾਰੀ ਹਾਈ ਸਕੂਲ ਬੰਬੀਹਾ, ਸਰਕਾਰੀ ਪ੍ਰਾਇਮਰੀ ਸਕੂਲ ਰਾਏ ਕੇ ਖੁਰਦ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਜੰਡੀਆਂ ਮੁਕੰਮਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਵੀ ਕੀਤੇ ਗਏ।

ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਅਤੇ ਪਿੰਡ ਦੇ ਪਤਵੰਤੇ ਆਦਿ ਹਾਜ਼ਰ ਸਨ।

## ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਕੀਤਾ ਗਿਆ ਯਾਦ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 1 ਮਈ : ਅੱਜ ਕੌਮਾਂਤਰੀ ਮਜ਼ਦੂਰ ਦਿਹਾੜੇ ਦੇ ਮੌਕੇ ‘ਤੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ, ਦੀ ਕਲਾਸ ਫ਼ੋਰ ਗੌਰਮਿੰਟ ਇਮਪਲਾਈਜ ਯੂਨੀਅਨ, ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਅਤੇ ਏਟਕ ਵੱਲੋਂ ਸਥਾਨਕ ਸਰਕਾਰੀ ਬਰਜਿੰਦਰਾ ਕਾਲਜ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਨਹਿਰੀ ਕਾਲੋਨੀ, ਡੀ ਸੀ ਦਫਤਰ, ਪੀ ਆਰ ਟੀ ਸੀ ਬੱਸ ਅੱਡਾ ਫਰੀਦਕੋਟ ਵਿਖੇ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਮੁਲਾਜ਼ਮ ਅਤੇ ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਇਕਬਾਲ ਸਿੰਘ ਢੁੱਡੀ ਜਿਲਾ ਪ੍ਰਧਾਨ, ਬਲਕਾਰ ਸਿੰਘ ਸਹੋਤਾ ਜਨਰਲ, ਸਕੱਤਰ ,ਨਛੱਤਰ ਸਿੰਘ ਭਾਣਾ, ਰਮੇਸ਼ ਢੈਪਈ, ਇਕਬਾਲ ਸਿੰਘ ਰਣ ਸਿੰਘ ਵਾਲਾ ਆਗੂ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ, ਹਰਪਾਲ ਸਿੰਘ ਮਚਾਕੀ ਪਾਵਰ ਕਾਮ ਪੈਨਸ਼ਨਰ ਆਗੂ, ਹਰਵਿੰਦਰ ਸ਼ਰਮਾ ਸੂਬਾ ਪ੍ਰਧਾਨ ਆਊਟ ਸੋਰਸ ਮੁਲਾਜ਼ਮ ਯੂਨੀਅਨ, ਰੇਸ਼ਮ ਸਿੰਘ, ਪਰਮਜੀਤ ਸਿੰਘ ਪੰਮਾ, ਗੁਰਪ੍ਰੀਤ ਸਿੰਘ ਸਿੱਧੂ ਸਰਕਾਰੀ ਬ੍ਰਿਜਿੰਦਰਾ ਕਾਲਜ, ਸ਼ਿਵ ਨਾਥ ਦਰਦੀ, ਸੁਖਵਿੰਦਰ ਸਿੰਘ ਗਿੱਲ ਪ੍ਰਧਾਨ ਸਿਕਿਉਰਟੀ ਗਾਰਡ ਮੁਲਾਜ਼ਮ ਯੂਨੀਅਨ, ਹਰੀ ਸਿੰਘ ਨਹਿਰੀ ਵਿਭਾਗ ,ਰਾਜਦੇਵ ਸਿੰਘ, ਰਾਮ ਸਿੰਘ ਡੀ ਸੀ ਦਫਤਰ, ਪੈਨਸ਼ਨਰ ਆਗੂ ਸੋਮ ਨਾਥ ਅਰੋੜਾ, ਤਰਸੇਮ ਨਰੂਲਾ ਕੋਟਕਪੂਰਾ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਨਰੇਗਾ ਮਜ਼ਦੂਰਾਂ ਦੇ ਆਗੂ ਗੋਰਾ ਸਿੰਘ ਪਿਪਲੀ ਅਤੇ ਵੀਰ ਸਿੰਘ ਕੰਮਿਆਣਾ ਨੇ ਅੱਜ ਦੇ ਦਿਨ ਦੇ ਇਤਿਹਾਸ ਬਾਰੇ ਰੌਸ਼ਨੀ ਪਾਉਂਦੇ ਹੋਏ ਕਿਹਾ ਕਿ ਮੌਜੂਦਾ ਸਮੇਂ ਦੀਆਂ ਹੁਕਮਰਾਨ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲਗਾਤਾਰ ਮਜ਼ਦੂਰਾਂ ਨਾਲ ਬੇਇਨਸਾਫੀ ਕਰ ਰਹੀਆਂ ਹਨ ਅਤੇ ਕੰਮ ਦਿਹਾੜੀ ਘੰਟੇ ਘਟਾਉਣ ਦੀ ਬਜਾਏ ਕੰਮ ਦਿਹਾੜੀ ਘੰਟੇ ਵਧਾਉਣ ਦੇ ਰਾਹ ਪਈਆਂ ਹੋਈਆਂ ਹਨ। ਮਜ਼ਦੂਰਾਂ ਨੂੰ ਬਹੁਤ ਘੱਟ ਉਜਰਤਾਂ ਦੇਕੇ ਬੇਰੁਜ਼ਗਾਰੀ ਦੀ ਆੜ ਹੇਠ ਇਹਨਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਇਸ ਕਰਕੇ ਸਮੂਹ ਕਿਰਤੀਆਂ ਅਤੇ ਮਜ਼ਦੂਰਾਂ ਨੂੰ ਆਪਣੀ ਲਾਮਬੰਦੀ ਹੋਰ ਤਿੱਖੀ ਕਰਕੇ ਸੰਘਰਸ਼ਾਂ ਨੂੰ ਮਜਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਚਰਨ ਸਿੰਘ ਮਾਨ, ਰਾਜੀਵ ਸ਼ਰਮਾ ਮੈਡੀਕਲ ਕਾਲਜ, ਸਤਨਾਮ ਸਿੰਘ ਪੱਖੀ, ਲਲਿਤ ਕੁਮਾਰ, ਮਨਵੀਰ ਸਿੰਘ, ਬੂਟਾ ਸਿੰਘ, ਡਾਕਟਰ ਰਣਜੀਤ ਸਿੰਘ, ਦਵਿੰਦਰ ਘਾਰੂ , ਹਰਫੂਲ ਸਿੰਘ, ਸਰਬਜੀਤ ਕੌਰ, ਵੀਰਪਾਲ ਕੌਰ, ਮਨਦੀਪ ਕੌਰ ਸਮੂਹ ਸਿਕਿਉਰਟੀ ਗਾਰਡ, ਜੋਤੀ ਪ੍ਰਕਾਸ਼ ਮੰਡੀ ਬੋਰਡ ਨੀਲਾ ਸਿੰਘ ਮਾਰਕੀਟ ਕਮੇਟੀ, ਰਜਨੀਸ਼ ਸ਼ਰਮਾ, ਚਰਨਜੀਤ ਸਿੰਘ ਚਮੇਲੀ , ਰਜਿੰਦਰ ਸਿੰਘ ,ਰਾਮ ਲਾਲ ਯੂਸਫ, ਘਨਸ਼ਾਮ ਦਾਸ ਨਹਿਰੀ ਵਿਭਾਗ, ਮੁਰਾਰੀ ਲਾਲ, ਰਾਮ ਸੇਵਕ ਮਨਮੋਹਨ ਸਿੰਘ ਡੀ ਸੀ ਦਫਤਰ ਫਰੀਦਕੋਟ, ਚਮਕੌਰ ਸਿੰਘ, ਹਰਮੀਤ ਸਿੰਘ, ਸੁਖਚਰਨ ਸਿੰਘ, ਗੁਰਦੀਪ ਭੋਲਾ, ਲਾਭ ਸਿੰਘ, ਹਰਨੇਕ ਸਿੰਘ ਕਲੇਰ ਸਮੂਹ ਪੀ ਆਰ ਟੀ ਸੀ ਆਗੂ ਆਦਿ ਸ਼ਾਮਲ ਸਨ।

## ਜੇ ਜੰਗ ਹੋਣ ਲੱਗੀ ਤਾਂ...

ਵਰਲਡ ਪੰਜਾਬੀ ਟਾਈਮਜ਼ ਹਰਪ੍ਰੀਤ ਪੱਤੋ

ਜੰਗ ਹਿੰਦ, ਪਾਕ ਦਾ ਜੇ ਹੋਣ
ਲੱਗਾ,
ਬੰਬ ਡਿੱਗਣੇ ਵਿੱਚ ਪੰਜਾਬ
ਮੀਆਂ।
ਧੂੰਆਂ ਜ਼ਹਿਰੀ ਧਰਤ ਹੋ ਜਾਊ
ਬੰਜ਼ਰ,
ਦੂਸ਼ਤ ਹੋਣਗੇ ਹਵਾ ਤੇ ਆਬ
ਮੀਆਂ।
ਫਸਲਾਂ ਹੋਣਗੀਆਂ ਫਿਰ ਦੱਸੋ
ਕਿੱਥੇ,
ਸੜ ਜਾਣਗੇ ਗੇਂਦਾਂ ਗ਼ੁਲਾਬ
ਮੀਆਂ।
ਲੜਾਈ, ਪਿਆਰ ਵਿੱਚ ਲੇਖੇ
ਨਹੀਂ ਹੁੰਦੇ,
ਇਹ ਮਗਰੋਂ ਲੱਗਣ ਹਿਸਾਬ
ਮੀਆਂ।
ਬੇਰੁਜ਼ਗਾਰੀ, ਭੁੱਖਮਰੀ ਵੱਧ
ਜਾਣੀ,
ਹੱਲ ਦੱਸਣਾ ਨਾ ਕਿਸੇ ਕਿਤਾਬ
ਮੀਆਂ।
ਬਸ! ਜਾਨ ਬਚਾਉਣ ਦੀ ਪਊ
ਸਾਰਿਆਂ ਨੂੰ,
ਮਿਲਣਾ ਕਿਸੇ ਨਾ ਕੋਈ ਖ਼ਿਤਾਬ
ਮੀਆਂ।
ਜੰਗ ਨਾ ਲੱਗੇ “ਪੱਤੋ” ਕੱਢੋ ਹੱਲ
ਕੋਈ,
ਟੱਲ਼ੇ ਦੇਸ਼ ਤੋਂ ਮਾੜਾ ਖ਼ੁਆਬ
ਮੀਆਂ।

## ਹੈ ਸ਼ੁਕਰਾਨਾ ਤੇਰਾ

ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਹੇ ਵਾਹਿਗੁਰੂ, ਜੱਗ ਸਾਰੇ ਵਿੱਚ,
ਸਭ ਤੋਂ ਉੱਚੀਆਂ ਤੇਰੀਆਂ ਸ਼ਾਨਾਂ।
ਦਿੱਤਾ ਜੋ ਤੂੰ ਜੀਵਨ ਮੈਨੂੰ,
ਇਹਦੇ ਲਈ ਤੇਰਾ ਸ਼ੁਕਰਾਨਾ।

ਦੁਨੀਆਂ ਸਾਰੀ ਇੱਕ ਫੁਲਵਾੜੀ,
ਵੰਨ-ਸੁਵੰਨੇ ਫੁੱਲ ਮਹਿਕਦੇ
ਮੇਲੇ ਦੇ ਵਿੱਚ ਸਜੀਆਂ ਹੋਈਆਂ,
ਇੱਕ ਤੋਂ ਵੱਧ ਕੇ ਇੱਕ ਦੁਕਾਨਾਂ।

ਵੱਖ ਵੱਖ ਤਰ੍ਹਾਂ ਦੇ ਜੀਵ ਬਣਾ ਕੇ,
ਆਪੇ ਪਾਲੇਂ, ਆਪੇ ਮਾਰੇਂ
ਸਰਹੱਦਾਂ ਤੇ ਖੜ੍ਹ ਕੇ ਫੌਜੀ,
ਵਾਰ ਰਹੇ ਨੇ ਦੇਸ਼ ਤੋਂ ਜਾਨਾਂ।

ਐਸਾ ਇੱਕ ਰੰਗਮੰਚ ਹੈ ਦੁਨੀਆਂ,
ਕੋਈ ਹੱਸੇ ਕੋਈ ਰੋਵੇ
ਬੰਦੇ ਨੂੰ ਤੂੰ ਜ਼ਿੰਦਗੀ ਦੇ ਕੇ,
ਮੰਗੇਂ ਨਾ ਕੋਈ ਇਵਜ਼ਾਨਾ।

ਕੋਈ ਲੰਮੀਆਂ ਉਮਰਾਂ ਭੋਗੇ,
ਕਿਸੇ ਨੂੰ ਝੱਟ ਹੀ ਮਾਰ ਮੁਕਾਵੇਂ
ਦੁਨੀਆਂ ਦੇ ਇਸ ਅਜਬ ਜਲੌਅ ਨੂੰ,
ਤੂੰ ਵੀ ਖੜ੍ਹ ਕੇ ਵੇਖ ਜਵਾਨਾ।

ਕੋਈ ਰਹਿੰਦਾ ਕੱਚੇ ਢਾਰੇ,
ਕੋਈ ਸੌਂਦਾ ਮਹਿਲ-ਮੁਨਾਰੇ
ਰੋਜ਼ੀ ਰੋਟੀ ਦੇ ਲਈ ਕੋਈ,
ਕਰਦਾ ਕੰਮ ਹੈ ਵਿੱਚ ਦੁਕਾਨਾਂ।

ਐਸਾ ਜੀਵਨ ਜੀਵੀਏ ਏਥੇ
ਖੁਸ਼ੀਆਂ ਖੇੜੇ ਵੰਡਦੇ ਰਹੀਏ
ਮੌਤ ਪਿੱਛੋਂ ਵੀ ਉਸ ਬੰਦੇ ਨੂੰ
ਯਾਦ ਕਰੇਂਦਾ ਕੁੱਲ ਜ਼ਮਾਨਾ।

ਕਰਮਾਂ ਵਿੱਚ ਜੋ ਲਿਖਿਆ ਹੋਇਆ
ਓਹੀ ਤੇ ਓਨਾ ਹੀ ਮਿਲਦਾ
ਅਉਧ ਜਦੋਂ ਪੂਰੀ ਹੋ ਜਾਏ
ਚੱਲੇ ਨਾ ਫਿਰ ਕੋਈ ਬਹਾਨਾ।

ਉਸ ਮਹਾਂਸ਼ਕਤੀ ਦੇ ਅੱਗੇ
ਜ਼ੋਰ ਕਿਸੇ ਦਾ ਚੱਲਦਾ ਨਾਹੀਂ
ਕੀ ਜੋਗੀ ਜਾਂ ਕੋਈ ਭੋਗੀ
ਕੀ ਦਰਵੇਸ਼ ਤੇ ਕੀ ਸੁਲਤਾਨਾ।

## ਸਿੱਖ ਐਜੂਕੇਸ਼ਨ ਕੌਂਸਲ ਯੂ ਕੇ ਵੱਲੋਂ ਸਿੱਖ ਗੁਰਦੁਵਾਰਾ ਐਕਟ 1925 ਦੇ 100 ਸਾਲਾ ਵਰ੍ਹੇਗੰਢ ਦੇ ਸੰਬੰਧ ਵਿੱਚ ਕਰਵਾਈ ਗਈ ਕਾਨਫਰੰਸ ।

### ਭਾਰਤੀ ਰਾਜਨੀਤਕ ਅਤੇ ਕਾਨੂੰਨੀ ਪ੍ਰਣਾਲੀ ਅਧੀਨ ਸਿੱਖਾਂ ਦੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸਥਿਤੀ ‘ਤੇ ਚਰਚਾ ਰਹੀ ਖਿੱਚ ਦਾ ਕੇਂਦਰ

ਵਰਲਡ ਪੰਜਾਬੀ ਟਾਈਮਜ਼




ਬਰਮਿੰਘਮ 1 ਮਈ : ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ ਬਰਮਿੰਘਮ ਵਿੱਚ 26,27 ਅਪ੍ਰੈਲ,2025 ਨੂੰ ਸਿੱਖ ਗੁਰਦੁਵਾਰਾ ਐਕਟ 1925 ਦੇ 100 ਸਾਲਾ ਵਰ੍ਹੇਗੰਢ ਦੇ ਸੰਬੰਧ ਵਿੱਚ ਗੁਰਦਵਾਰਾ ਈਸ਼ਰ ਦਰਬਾਰ ਵੂਲਵਰਹੈਂਪਟਨ ਵਿਖੇ ਇੱਕ ਕਾਨਫਰੰਸ ਕਰਵਾਈ ਗਈ। ਦੋ ਸੈਸ਼ਨਾਂ ਵਿੱਚ ਕੀਤੀ ਗਈ ਇਸ ਕਾਨਫਰੰਸ ਵਿੱਚ ਪਿਛਲੇ ਸੌ ਸਾਲਾ ਦੌਰਾਨ ਸਮੇਂ ਸਮੇਂ ‘ਤੇ ਆਈਆਂ ਤਬਦੀਲੀਆਂ, ਚਣੌਤੀਆਂ ਅਤੇ ਪ੍ਰਾਪਤੀਆਂ ਬਾਰੇ ਵੱਖ ਵੱਖ ਵਿਦਵਾਨਾਂ ਵੱਲੋਂ ਪਰਚੇ ਪੜ੍ਹੇ ਗਏ। ਪਹਿਲੇ ਸੈਸ਼ਨ ਵਿੱਚ ਹਰਵਿੰਦਰ ਸਿੰਘ ਵੱਲੋਂ ਸ਼ੁਰੂਆਤ ਕਰਦਿਆਂ ਸਭ ਨੂੰ ਜੀ ਆਇਆਂ ਆਖਿਆ ਗਿਅ। ਜਿਸ ਤੋਂ ਉਪਰੰਤ ਡਾ ਪਰਮਜੀਤ ਸਿੰਘ ਮਾਨਸਾ ਦਾ ਪਰਚਾ “ਉਦਾਸੀ ਅਤੇ ਨਿਰਮਲ ਸੰਪ੍ਰਦਾਇ ਦੀ ਸਿੱਖ ਇਤਿਹਾਸ ਨੂੰ ਦੇਣ” ਬਲਵਿੰਦਰ ਸਿੰਘ ਚਾਹਲ ਵੱਲੋਂ ਪੇਸ਼ ਕੀਤਾ ਗਿਆ। ਜਿਸ ਵਿੱਚ ਉਹਨਾਂ ਨੇ ਸਿੱਖ ਧਰਮ ਵਿੱਚ ਉਪਰੋਕਤ ਦੋਵਾਂ ਸੰਪ੍ਰਦਾਵਾਂ ਦੀ ਭੂਮਿਕਾ ਨੂੰ ਬਿਆਨ ਕੀਤਾ। ਪ੍ਰਸਿੱਧ ਸਿੱਖਿਆ ਸ਼ਾਸ਼ਤਰੀ, ਕਾਲਮ ਨਵੀਸ ਤੇ ਵਿਦਵਾਨ ਡਾ ਸੁਜਿੰਦਰ ਸਿੰਘ ਸੰਘਾ (ਰਿਟਾ ਪ੍ਰਿੰਸੀਪਲ) ਵੱਲੋਂ “ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ 100 ਸਾਲ -ਮੌਕੇ ਅਤੇ ਚਣੌਤੀਆਂ” ਪਰਚੇ ਨੂੰ ਪੇਸ਼ ਕਰਦੇ ਸਮੇਂ ਵੱਖ ਵੱਖ ਸਮੇਂ ਦੇ ਨਾਜ਼ੁਕ ਤੇ ਅਹਿਮ ਮੌਕਿਆਂ ਪ੍ਰਤੀ ਸਭ ਨੂੰ ਜਾਣੂ ਕਰਵਾਇਆ ਗਿਆ। ਉੱਘੇ




ਵਿਦਵਾਨ ਅਤੇ ਸਿੱਖ ਚਿੰਤਕ ਡਾ ਅਵਤਾਰ ਸਿੰਘ ਵੱਲੋਂ “ਸਿੱਖ ਗੁਰਦਵਾਰਾ ਐਕਟ 1925 ਸਿੱਖ ਕੌਮੀ ਪਛਾਣ ਤੇ ਪ੍ਰਭਾਵ” ਪਰਚੇ ਬਾਰੇ ਬੋਲਦਿਆਂ ਉਹਨਾਂ ਵੱਲੋਂ ਇਤਿਹਾਸ ਤੇ ਅਜੋਕੇ ਸੰਦਰਭ ਦੇ ਨਾਲ ਨਾਲ ਸਿੱਖ ਰਾਜਨੀਤੀ, ਅਕਾਲ ਤਖਤ ਸਾਹਿਬ, ਕੌਮ ਤੇ ਕੌਮੀਅਤਾ ਦੇ ਇਲਾਵਾ ਪਹਿਲੇ ਤੇ ਅਜੋਕੇ ਸਿੱਖ ਆਗੂਆਂ ਦੀ ਭੂਮਿਕਾ ਦੇ ਅੰਤਰ ਨੂੰ ਵੀ ਬਾਖੂਬੀ ਬਿਆਨ ਕੀਤਾ ਗਿਆ।

ਡਾ ਜਸਦੇਵ ਸਿੰਘ ਰਾਏ ਵੱਲੋਂ “ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਨਿਯੁਕਤੀ” ਪਰਚੇ ਬਾਰੇ ਬੋਲਦਿਆਂ ਕਿਹਾ ਗਿਆ ਕਿ ਜਥੇਦਾਰ ਦੀ ਨਿਯੁਕਤੀ ਕਿਵੇਂ ਕੀਤੀ ਜਾਵੇ, ਇਸ ਲਈ ਅਕਾਲ ਤਖਤ ਦੀ ਹੋਂਦ ਤੇ ਢਾਂਚਾ ਬਰਕਰਾਰ ਰੱਖਣ ਲਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ‘ਤੇ ਅਹਿਮ ਕਦਮ ਉਠਾਏ ਜਾਣ ਅਤੇ ਪੂਰਨ ਵਿਸ਼ਵਾਸ਼ ਪੈਦਾ ਕੀਤਾ ਜਾਵੇ। ਹਰਮੀਤ ਸਿੰਘ ਗਿੱਲ ਜ-ਸਕੱਤਰ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵੱਲੋਂ “ਗੁਰਦਵਾਰਾ ਪ੍ਰਬੰਧ–ਅੰਤਰਰਾਸ਼ਟਰੀ ਸੰਦਰਭ” ਅਤੇ ਡਾ ਪਰਗਟ ਸਿੰਘ ਤੇ ਕੁਲਵੰਤ ਸਿੰਘ ਭਿੰਡਰ ਮੀਤ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਵੱਲੋਂ “ਮਰਿਆਦਾ-ਸਿੱਖ ਪੰਥ ਅਤੇ ਖਾਲਸਾ ਪੰਥ” ਆਦਿ ਪੇਸ਼ ਕੀਤੇ ਪਰਚਿਆਂ ਬਾਰੇ ਬੋਲਦੇ ਹੋਏ ਕਿਹਾ ਗਿਆ ਕਿ ਜੋ ਲੋਕ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਦੇ ਹਨ, ਸਿੱਖ ਰਹੁ ਰੀਤਾਂ ਨੂੰ ਮੰਨਦੇ ਹਨ, ਉਹਨਾਂ ਨੂੰ ਸਿੱਖ ਪੰਥ ਮੰਨ ਲਿਆ ਜਾਵੇ। ਜਿਹਨਾਂ ਨੇ ਅੰਮ੍ਰਿਤ ਪਾਨ ਕਰ ਲਿਆ ਹੈ ਉਹਨਾਂ ਨੂੰ ਖਾਲਸਾ ਮੰਨ ਲਿਆ ਜਾਵੇ। ਇਸ ਕਾਨਫਰੰਸ ਵਿੱਚ ਇੰਗਲੈਂਡ ਭਰ ਤੋਂ ਬੁੱਧੀਜੀਵੀ ਵਰਗ, ਗਰੁਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਲੋਕਾਂ ਨੇ ਭਾਗ ਲੈ ਲਿਆ। ਇਸ ਕਾਨਫਰੰਸ ਦਾ ਸਮੁੱਚਾ ਸੰਚਾਲਨ ਡਾ ਸਾਧੂ ਸਿੰਘ ਵੱਲੋਂ ਕੀਤਾ ਗਿਆ, ਜਿਹਨਾਂ ਨੇ ਅੰਤ ਵਿੱਚ ਗੁਰਦਵਾਰਾ ਪ੍ਰਬੰਧ ਅਤੇ ਬਾਬਾ ਅਮਰ ਸਿੰਘ ਦਾ ਇਸ ਕਾਨਫਰੰਸ ਨੂੰ ਸਹਿਯੋਗ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ।

## ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਵੱਲੋਂ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ 1 ਮਈ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਮਿਤੀ 27 ਅਪ੍ਰੈਲ 2025 ਦਿਨ ਐਤਵਾਰ ਨੂੰ ਸਥਾਨਕ ਪੈਨਸ਼ਨ ਭਵਨ ਨਜ਼ਦੀਕ ਹੁੱਕੀ ਚੌਂਕ ਫਰੀਦਕੋਟ ਵਿਖੇ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕਰਨਲ ਬਲਬੀਰ ਸਿੰਘ ਸਰਾਂ, ਡਾ. ਗੁਰਦੇਵ ਸਿੰਘ ਸਿੱਧੂ , ਇੰਦਰਜੀਤ ਸਿੰਘ ਖੀਵਾ, ਲਾਲ ਸਿੰਘ ਕਲਸੀ, ਸਤਪਾਲ ਸਿੰਘ ਸੋਹਲ, ਪ੍ਰੋ. ਦਲਬੀਰ ਸਿੰਘ, ਪ੍ਰੋ. ਨਿਰਮਲ ਕੌਸ਼ਿਕ ਸੁਸ਼ੋਭਿਤ ਸਨ। ਸਭ ਤੋਂ ਪਹਿਲਾਂ ਸਭਾ ਵੱਲੋਂ ਕੁਝ ਸ਼ੋਕ ਮਤੇ ਪਾਏ ਗਏ ਜਿਸ ਵਿੱਚ ਪਹਿਲਗਾਮ ( ਕਸ਼ਮੀਰ) ਵਿਖੇ ਕੁਝ ਅੱਤਵਾਦੀਆਂ ਵੱਲੋਂ ਹਮਲਾ ਕਰਕੇ 26 ਦੇ ਕਰੀਬ ਬੇਕਸੂਰ ਲੋਕਾਂ ਦੀ ਹੱਤਿਆ ਕੀਤੀ ਗਈ ਲਈ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਰੋਜ਼ਾਨਾ ਅਜੀਤ ਦੇ “ ਖੁੰਢ ਚਰਚਾ “ ਦੇ ਕਾਲਮ ਨਫ਼ੀਸ ਸ੍ਰੀ ਲਾਭ ਸੰਧੂ ( ਦੁਆਰੇਆਣਾ ) ਭਗਤਾ, ਉੱਘੇ ਲੇਖਕ ਨਿਰਭੈ ਸਿੰਘ ਸੰਧੂ ( ਦੁਆਰੇਆਣਾ) ਕੋਟਕਪੂਰਾ ਦੀ ਬੇਵਕਤੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਇਸੇ ਤਰ੍ਹਾਂ ਉੱਘੇ ਕਵੀ ਕੇਸਰ ਸਿੰਘ ਨੀਰ ਨਿਵਾਸੀ ਕਨੇਡਾ ਅਤੇ ਕੁਲਵੰਤ ਸਰੋਤਾ ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ ਰਜਿ ਮੁਕਤਸਰ ਸਾਹਿਬ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਸ੍ਰੀ ਸਾਧੂ ਸਿੰਘ ਚੌਹਾਨ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਮਾਗਮ ਦੇ ਪਹਿਲੇ ਪੜਾਅ ਵਿੱਚ ਸਭਾ ਵੱਲੋਂ ਕਵੀ ਦਰਬਾਰ ਕੀਤਾ ਗਿਆ ਜਿਸ ਵਿੱਚ ਸੁਰਿੰਦਰਪਾਲ ਸ਼ਰਮਾ ਭਲੂਰ, ਬਲਜੀਤ ਸਿੰਘ ਸੰਧੂ, ਸਤਪਾਲ ਸਿੰਘ ਸੋਹਲ, ਬਲਵੰਤ ਰਾਏ ਗੱਖੜ, ਹਰੀਸ਼ ਗਰੋਵਰ, ਦਰਸ਼ਨ ਰੋਮਾਣਾ, ਬੂਟਾ ਸਿੰਘ ਅਰਾਈਆ ਵਾਲਾ, ਜਸਵੀਰ ਸ਼ਰਮਾ ਦੱਦਾਹੂਰ , ਧਰਮ ਪ੍ਰਵਾਨਾ, ਹਰਸੰਗੀਤ ਸਿੰਘ ਗਿੱਲ ਨੇ ਆਪਣੇ ਕਲਾਮ ਪੇਸ਼ ਕੀਤੇ। ਹਾਜ਼ਰ ਲੇਖਕਾਂ ਵਿੱਚ ਰਾਜ ਧਾਲੀਵਾਲ, ਮੁਖਤਿਆਰ ਸਿੰਘ ਵੰਗੜ, ਇੰਜ. ਭਾਗ ਸਿੰਘ, ਮਨਜਿੰਦਰ ਗੋਲ੍ਹੀ , ਜੇ. ਪੀ. ਸਿੰਘ ਸੁਖਦੇਵ ਸਿੰਘ ਦੁਸਾਂਝ , ਮਹਿੰਦਰ ਸਿੰਘ ਸੋਢੀ ਹਾਜ਼ਰ ਸਨ। ਦੂਜੇ ਪੜਾਅ ਵਿੱਚ ਪੁਸਤਕ ਲੋਕ ਅਰਪਣ ਦਾ ਸਮਾਰੋਹ ਰਚਾਇਆ ਗਿਆ ਜਿਸ ਵਿੱਚ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦੀ ਨਵ ਪ੍ਰਕਾਸ਼ਿਤ ਪੁਸਤਕ “ ਸਿਰ ਦੀ ਛੱਤ “ ਰਿਲੀਜ਼ ਕੀਤੀ ਗਈ ਜੋ ਕਿ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ, ਕਰਨਲ ਬਲਬੀਰ ਸਿੰਘ ਸਰਾਂ, ਇਕਬਾਲ ਘਾਰੂ, ਪ੍ਰੋ. ਨਿਰਮਲ ਕੌਸ਼ਿਕ ਅਤੇ ਲਾਲ ਸਿੰਘ ਕਲਸੀ ਦੇ ਪੁੱਤਰ ਅਤੇ ਨੂੰਹ ਨੇ ਆਪਣੇ ਕਰ ਕਮਲਾਂ ਨਾਲ ਕੀਤੀ। ਇਸ ਪੁਸਤਕ ਬਾਰੇ ਪੇਪਰ ਪ੍ਰੋ. ਨਿਰਮਲ ਕੌਸ਼ਿਕ ਨੇ ਪੜ੍ਹ ਕੇ ਆਪਣੀ ਆਪਣੀ ਬੁੱਧੀਮਾਨਤਾ ਦਾ ਸਬੂਤ ਪੇਸ਼ ਕੀਤਾ। ਉਨ੍ਹਾਂ ਨੇ ਕਲਸੀ ਸਾਹਿਬ ਨੂੰ ਨਵੀਂ ਚੇਤੰਨਤਾ ਦਾ ਨਿਪੁੰਨ ਕਹਾਣੀਕਾਰ ਦੱਸਦੇ ਹੋਏ ਉਨ੍ਹਾਂ ਦੀਆਂ ਕਹਾਣੀਆਂ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਵੇਖਦਿਆਂ ਆਪਣੀ ਉਸਾਰੂ ਸੋਚ ਦਾ ਪ੍ਰਗਟਾਵਾ ਕੀਤਾ। ਇਸ ਤੋਂ ਬਾਅਦ ਸਤਪਾਲ ਸਿੰਘ ਸੋਹਲ ਦੀ ਪਲੇਠੀ ਪੁਸਤਕ “ ਗੀਤ ਮੇਰਾ ਸਰਮਾਇਆ “ ਦੀ ਘੁੰਡ ਚੁਕਾਈ ਹੋਈ। ਇਸ ਪੁਸਤਕ ਤੇ ਪ੍ਰੋ. ਦਲਬੀਰ ਸਿੰਘ ਨੇ ਪੇਪਰ ਪੜ੍ਹਿਆ। ਉਨ੍ਹਾਂ ਸਤਪਾਲ ਸਿੰਘ ਸੋਹਲ ਦੀ ਨਿੱਜੀ ਜ਼ਿੰਦਗੀ ਬਾਰੇ ਬੜੀਆਂ ਮਹੱਤਵਪੂਰਨ ਗੱਲਾਂ ਦੱਸ ਕੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਵੱਖ ਵੱਖ-ਵੱਖ ਗੀਤਾਂ ਦੇ ਟੋਟਕੇ ਸੁਣਾ ਕੇ ਸਮਾਗਮ ਨੂੰ ਹੋਰ ਰੋਚਕ ਬਣਾਇਆ। ਅੰਤ ਵਿੱਚ ਦੋਵਾਂ ਲੇਖਕਾਂ ਨੇ ਪੁਸਤਕਾਂ ਉੱਪਰ ਪੇਪਰ ਪੜ੍ਹਨ ਵਾਲਿਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ। ਉਪਰੰਤ ਦੋਵਾਂ ਲੇਖਕਾਂ ਨੇ ਆਪਣੀ ਤਰਫੋ. ਸਭਾ ਦੇ ਨੁਮਾਇੰਦਿਆਂ ਨਵਰਾਹੀ ਘੁਗਿਆਣਵੀ , ਕਰਨਲ ਬਲਬੀਰ ਸਿੰਘ ਸਰਾਂ, ਇੰਦਰਜੀਤ ਸਿੰਘ ਖੀਵਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਪ੍ਰਸਿੱਧ ਲੇਖਕ ਇਕਬਾਲ ਘਾਰੂ ਨੇ ਬਾਖੂਬੀ ਨਿਭਾਈ।



## ਪਹਿਲੀ ਮਈ ਨੂੰ ਜਨਮ ਦਿਨ ਤੇ ਪੰਜਾਬੀ ਨਾਵਲ ਦਾ ਰੌਸ਼ਨ ਮੀਨਾਰ ਪ੍ਰੋ: ਨਰਿੰਜਨ ਤਸਨੀਮ-

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


ਸਵਰਗੀ ਪੰਜਾਬੀ ਨਾਵਲਕਾਰ ਪ੍ਰੋ. ਨਰਿੰਜਨ ਤਸਨੀਮ ਜੀ ਦਾ ਜਨਮ ਦਿਨ ਪੰਜਾਬੀ ਪਿਆਰਿਆ ਨੂੰ ਮੁਬਾਰਕ।

ਪੌਣੀ ਸਦੀ ਨਾਵਲ ਸਿਰਜਣਾ ਦੇ ਖੇਤਰ ਵਿਚ ਕਰਮਸ਼ੀਲ ਰਹੇ ਸਾਡੇ ਵੱਡੇ ਵਡੇਰੇ ਪ੍ਰੋਫ਼ੈਸਰ ਨਿਰੰਜਨ ਤਸਨੀਮ ਦੇ ਦਸ ਨਾਵਲਾਂ ਕਸਕ, ਪਰਛਾਵੇਂ, ਤਰੇੜਾਂ ਤੇ ਰੂਪ, ਰੇਤ ਛਲ, ਹਨੇਰਾ ਹੋਣ ਤੱਕ, ਇੱਕ ਹੋਰ ਨਵਾਂ ਸਾਲ, ਜਦੋਂ ਸਵੇਰ ਹੋਈ, ਜੁਗਾਂ ਤੋਂ ਪਾਰ, ਗੁਆਚੇ ਅਰਥ ਅਤੇ ਤਲਾਸ਼ ਕੋਈ ਸਦੀਵੀ ਨੂੰ ਇੱਕੋ ਸਮੇਂ ਪੰਜਾਬੀ ਭਵਨ ਦੇ ਵਿਹੜੇ ਲੁਧਿਆਣਾ ਵਿਖੇ ਅਸਾਂ ਉਨ੍ਹਾਂ ਦੇ ਹੁੰਦਿਆਂ ਲੋਕ ਅਰਪਣ ਕੀਤਾ ਸੀ। ਜਸਵੰਤ ਸਿੰਘ ਕੰਵਲ ਜੀ ਦੀ ਸਦਾਰਤ ਥੱਲੇ। ਹੁਣ ਦੋਵੇਂ ਉੱਤੋੜਿੱਤੀ ਸਾਨੂੰ ਫ਼ਤਹਿ ਬੁਲਾ ਗਏ। ਦੋਵੇਂ ਸਾਡੇ ਸਿਰ ਤੇ ਘਣਛਾਵੇਂ ਬਿਰਖ ਸਨ।

ਪ੍ਰੋਫ਼ੈਸਰ ਨਿਰੰਜਨ ਤਸਨੀਮ ਅੰਮ੍ਰਿਤਸਰ ਵਿੱਚ ਪਹਿਲੀ ਮਈ 1929 ਪੈਦਾ ਹੋਏ ਤੇ 17 ਅਗਸਤ 2019 ਨੂੰ ਸ਼ਾਮੀ ਚਾਰ ਵਜੇ ਆਖਰੀ ਸਲਾਮ ਕਹਿ ਗਏ। 30 ਅਪਰੈਲ ਨੂੰ ਸ: ਜਗਦੇਵ ਸਿੰਘ ਜੱਸੋਵਾਲ ਜੀ ਦਾ ਜਨਮ ਦਿਨ ਹੁੰਦਾ ਸੀ, ਪਹਿਲੀ ਮਈ ਨੂੰ ਤਸਨੀਮ ਜੀ ਦਾ ਤੇ ਦੋ ਮਈ ਨੂੰ ਮੇਰਾ। ਤਿੰਨ ਮਈ ਨੂੰ ਕੈਨੇਡਾ ਵੱਸਦੇ ਲੇਖਕ ਤੇ ਮੇਰੇ ਮਿੱਤਰ ਮੋਹਨ ਗਿੱਲ ਦਾ ਹੁੰਦਾ।

ਦੋ ਤਿੰਨ ਵਾਰ ਅਸਾਂ ਜਨਮ ਦਿਨ ਇਕੱਠਿਆਂ ਵੀ ਮਨਾਇਆ। ਉਹ ਕੁਲੀਨ ਵਰਗ ਦੇ ਪ੍ਰਤੀਨਿਧ ਸਨ। ਹਰ ਗੱਲ ਬਹੁਤ ਸਲੀਕੇ ਨਾਲ ਲਿਖਦੇ ਪੜ੍ਹਦੇ ਤੇ ਬੋਲਦੇ। ਇੱਕ ਹੋਰ ਨਵਾਂ ਸਾਲ ਨਾਵਲ ਕਈ ਸਾਲ ਲਗਾਤਾਰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਜਮਾਤ ਲਈ ਸਿਲੇਬਸ ਦਾ ਹਿੱਸਾ ਰਿਹਾ। ਆਮ ਲੋਕਾਂ ਚ ਬਹੁਤ ਹਰਮਨ ਪਿਆਰੇ ਹੋਏ ਇਸ ਨਾਲ ਉਹ। ਪੰਜਾਬੀ ਕਵੀ ਈਸ਼ਵਰ ਚਿਤਰਕਾਰ ਚ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਰਹੀ ਉਮਰ ਭਰ। ਦੋਵੇਂ ਕਿਸੇ ਵੇਲੇ ਸ਼ਿਮਲੇ ਇਕੱਠੇ ਰਹੇ ਸਨ ਨੌਕਰੀ ਕਾਰਨ। ਉਨ੍ਹਾਂ ਦਾ ਨਾਵਲ ਜੁਗਾਂ ਤੋਂ ਪਾਰ ਈਸ਼ਵਰ ਚਿਤਰਕਾਰ ਜੀ ਬਾਰੇ ਹੀ ਹੈ। ਪੁਰਦਮਨ ਸਿੰਘ ਬੇਦੀ ਨਾਲ ਮਿਲ ਕੇ ਉਨ੍ਹਾਂ ਈਸ਼ਵਰ ਚਿਤਰਕਾਰ ਸਿਮਰਤੀ ਗਰੰਥ ਵੀ ਸੰਪਾਦਿਤ ਕੀਤਾ ਸੀ। ਆਪਣੇ ਪਰਿਵਾਰਕ ਮੁਖੀਆਂ ਤਾਇਆ ਜੀ ਉਰਦੂ ਸ਼ਾਇਰ ਪੂਰਨ ਸਿੰਘ ਹੁਨਰ ਅਤੇ ਮਹਿੰਦਰ ਸਿੰਘ ਕੌਸਰ ਪਾਸੋਂ ਅਦਬੀ ਚਿਣਗ ਹਾਸਿਲ ਕਰਕੇ ਆਪ ਨੇ ਉਰਦੂ ਅਤੇ ਪੰਜਾਬੀ ਵਿੱਚ ਸਾਹਿਤ ਸਿਰਜਣਾ ਆਰੰਭੀ। 1929 ਵਿੱਚ ਪੈਦਾ ਹੋਏ ਇਸ ਲੰਮੇ ਕੱਦ ਕਾਠ ਵਾਲੇ ਗੱਭਰੂ ਨੇ 1945-46 ਵਿੱਚ ਅੰਮ੍ਰਿਤਸਰ ਦੇ ਕਾਲਜਾਂ ਵਿੱਚ ਪੜ੍ਹਦਿਆਂ ਹੀ ਉਰਦੂ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਪਰ ਇਨ੍ਹਾਂ ਦੀ ਸਾਹਿਤਕ ਜੀਵਨੀ ਦਾ ਆਰੰਭ 1959 ਨੂੰ ਹੋਇਆ ਜਦ ਉਨ੍ਹਾਂ ਨੇ ਉਰਦੂ ਵਿੱਚ ਪਹਿਲਾ ਨਾਵਲ 'ਸੋਗਵਾਰ' ਲਿਖਿਆ ।ਇਹ ਨਾਵਲ 1960 ਵਿੱਚ ਪ੍ਰਕਾਸ਼ਿਤ ਹੋਇਆ। 1962 ਵਿੱਚ ਉਨ੍ਹਾਂ ਦਾ ਦੂਸਰਾ ਉਰਦੂ ਨਾਵਲ 'ਮੋਨਾਲੀਜ਼ਾ' ਛਪ ਕੇ ਹਿੰਦ ਪਾਕਿ ਦੇ ਅਦਬੀ ਹਲਕਿਆਂ ਕੋਲ ਪੁੱਜਾ।

ਪ੍ਰੋ: ਨਰਿੰਜਨ ਤਸਨੀਮ ਨੇ ਪੰਜਾਬੀ ਵਿੱਚ ਸਾਹਿਤ ਸਿਰਜਣਾ 'ਪਰਛਾਵੇਂ' ਨਾਵਲ ਨਾਲ ਸ਼ੁਰੂ ਕੀਤੀ ਅਤੇ 1966 ਵਿੱਚ ਉਹਨਾਂ ਦਾ ਪਹਿਲਾ ਪੰਜਾਬੀ ਨਾਵਲ ਕਸਕ ਛਪ ਕੇ ਆਇਆ। ਸਾਲ 2000 ਤੀਕ ਉਨ੍ਹਾਂ ਦੇ ਦਸ ਨਾਵਲ ਪਾਠਕਾਂ ਕੋਲ ਪਹੁੰਚੇ ਅਤੇ ਸ਼ਹਿਰੀ ਪਿਛੋਕੜ ਦੇ ਬਾਵਜੂਦ ਉਨ੍ਹਾਂ ਦੀ ਲਿਖਤ ਪੇਂਡੂ ਅਤੇ ਸ਼ਹਿਰੀ ਹਲਕਿਆਂ ਵਿੱਚ ਇੱਕੋ ਜਿੰਨੀ ਸਲਾਹੀ ਗਈ। ਪੰਜਾਬ ਦੀਆਂ ਲਗਪਗ ਸਾਰੀਆਂ ਯੂਨੀਵਰਸਿਟੀਆਂ ਅਤੇ ਸਕੂਲ ਸਿੱਖਿਆ ਬੋਰਡ ਨੇ ਉਨ੍ਹਾਂ ਦੇ ਨਾਵਲਾਂ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਜਿਸ ਕਾਰਨ ਨਵੀਂ ਪੀੜ੍ਹੀ ਦੀ ਰੂਹ ਨਾਲ ਉਨ੍ਹਾਂ ਦੀ ਸਿਰਜਣਾਤਮਕ ਸਾਂਝ ਪੈ ਗਈ।

ਪ੍ਰੋ. ਨਰਿੰਜਨ ਤਸਨੀਮ ਪੰਜਾਬ ਭਾਸ਼ਾ ਵਿਭਾਗ ਦੇ ਸਾਹਿਤ ਰਤਨ ਪੁਰਸਕਾਰ ਨਾਲ ਸਨਮਾਨਿਤ ਲੇਖਕ ਸਨ। ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵੱਲੋਂ ਵੀ ਬਹੁਤ ਪਹਿਲਾਂ ਉਨ੍ਹਾਂ ਨੂੰ 1993 ਸ. ਕਰਤਾਰ ਸਿੰਘ ਧਾਲੀਵਾਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ ਪੰਜਾਬ ਦੇ ਸਿੱਖਿਆ ਮੰਤਰੀ ਸ. ਲਖਮੀਰ ਸਿੰਘ ਰੰਧਾਵਾ ਨੇ ਉਨ੍ਹਾਂ ਨੂੰ 1995 ਵਿੱਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਆਦਰ ਮਾਣ ਦਿੱਤਾ।

ਭਾਰਤੀ ਸਾਹਿਤ ਅਕੈਡਮੀ ਵੱਲੋਂ ਤਸਨੀਮ ਜੀ ਨੂੰ 1999 ਵਿੱਚ ਭਾਰਤੀ ਸਾਹਿਤ ਅਕੈਡਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਸਾਹਿਤ ਸੰਸਥਾਨ ਲੁਧਿਆਣਾ ਨੇ ਉਨ੍ਹਾਂ ਨੂੰ ਸਰਵੋਤਮ ਪੰਜਾਬੀ ਗਲਪਕਾਰ ਪੁਰਸਕਾਰ ਨਾਲ 1994 ਵਿੱਚ ਨਿਵਾਜਿਆ। ਇੰਡੀਅਨ ਇੰਸਟੀਚਿਊਟ ਆਫ ਐਡਵਾਂਸ ਸਟੱਡੀ ਦੇ ਆਪ 1998-99ਦੌਰਾਨ ਫੈਲੋ ਰਹੇ। ਗੌਰਮਿੰਟ ਕਾਲਿਜ ਟਾਂਡਾ, ਕਪੂਰਥਲਾ , ਫ਼ਰੀਦਕੋਟ , ਲੁਧਿਆਣਾ ਤੇ ਗੁਰੂ ਹਰਗੋਬਿੰਦ ਖਾਲਸਾ ਕਾਲਿਜ ਗੁਰੂਸਰ ਸਧਾਰ (ਲੁਧਿਆਣਾ) ਵਿੱਚ ਸਾਰੀ ਜ਼ਿੰਦਗੀ ਅੰਗਰੇਜ਼ੀ ਪੜ੍ਹਾਉਣ ਵਾਲੇ ਪ੍ਰੋ ਤਸਨੀਮ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਵੀ ਦਸ ਮਹੱਤਵਪੂਰਨ ਪੁਸਤਕਾਂ ਦਿੱਤੀਆਂ ਪੰਜਾਬੀ ਨਾਵਲ ਦਾ ਮੁਹਾਂਦਰਾ 'ਮੇਰੀ ਨਾਵਲ ਨਿਗਾਰੀ', ਨਾਵਲ ਕਲਾ ਅਤੇ ਮੇਰਾ ਅਨੁਭਵ, ਆਈਨੇ ਦੇ ਰੂ-ਬਰੂ, ਆਧੁਨਿਕ ਪ੍ਰਵਿਰਤੀਆਂ ਅਤੇ ਪੰਜਾਬੀ ਨਾਵਲ' ਤੋਂ ਇਲਾਵਾ ਸਮਕਾਲੀ ਸਾਹਿਤਕ ਸੰਦਰਭ ਯੂਨੀਵਰਸਿਟੀ ਅਧਿਆਪਕਾਂ ਲਈ ਮਾਰਗ ਦਰਸ਼ਕ ਪੁਸਤਕਾਂ ਹਨ ।

ਅੰਗਰੇਜ਼ੀ ਵਿੱਚ ਵੀ ਉਨ੍ਹਾਂ ਨੇ ਪੰਜਾਬੀ ਸਾਹਿਤ ਬਾਰੇ ਪੰਜ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚੋਂ ਕਾਦਰ ਯਾਰ ਬਾਰੇ ਲਿਖੀ ਪੁਸਤਕ ਨੂੰ ਭਾਰਤੀ ਸਾਹਿਤ ਅਕੈਡਮੀ ਨੇ ਪ੍ਰਕਾਸ਼ਿਤ ਕੀਤਾ। ਉਹ ਪੰਜਾਬੀ ਤੋਂ ਅੰਗਰੇਜ਼ੀ ਚ ਬਹੁਤ ਚੰਗੇ ਅਨੁਵਾਦਕ ਸਨ। ਮੈਨੂੰ ਮਾਣ ਹੈ ਕਿ ਉਨ੍ਹਾਂ ਮੇਰੀਆਂ ਵੀ ਕੁਝ ਕਵਿਤਾਵਾਂ ਅਨੁਵਾਦ ਕਰਕੇ ਸੋਵੀਅਤ ਲੈਂਡ ਮੈਗਜ਼ੀਨ ਚ ਛਪਵਾਈਆਂ।

ਅੰਗਰੇਜ਼ੀ ਅਖ਼ਬਾਰਾਂ ਵਿੱਚ ਲਗਾਤਾਰ ਕਾਲਮ ਲਿਖਣ ਵਾਲੇ ਪ੍ਰੋ. ਨਰਿੰਜਨ ਤਸਨੀਮ ਨੇ ਅਨੇਕਾਂ ਮਹੱਤਵਪੂਰਨ ਪੁਸਤਕਾਂ ਨੂੰ ਪੰਜਾਬੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਉਲਥਾਇਆ ਹੈ। ਆਪਣੀ ਸਿਰਜਣਾਤਮਕ ਸਿਖ਼ਰ ਉਹ ਫਰੀਦਕੋਟ ਨੂੰ ਹੀ ਮੰਨਦੇ ਸਨ। ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਲੁਧਿਆਣਾ ਸ਼ਹਿਰ ਦੇ ਪੱਖੋਵਾਲ ਰੋਡ ਸਥਿਤ ਵਿਸ਼ਾਲ ਨਗਰ ਇਲਾਕੇ ਵਿੱਚ ਵੱਸਦੇ ਪ੍ਰੋ. ਨਰਿੰਜਨ ਤਸਨੀਮ ਉਮਰ ਦੇ 89ਵੇਂ ਡੰਡੇ ਤੀਕ ਸਿੱਧੇ ਸਤੋਰ ਖੜ੍ਹੇ ਰਹੇ ਪਰ 90ਵਾਂ ਚੜ੍ਹਨ ਸਾਰ ਡੋਲ ਗਏ। ਆਪਣੇ ਇਕਲੌਤੇ ਪੁੱਤਰ ਡਾ: ਗੁਰਿੰਦਰਜੀਤ ਸਿੰਘ ਪਰਿਵਾਰ ਤੋਂ ਇਲਾਵਾ ਵਿਸ਼ਾਲ ਪਾਠਕ ਵਰਗ ਤੇ ਮਿੱਤਰ ਮੰਡਲ ਉਨ੍ਹਾਂ ਨੂੰ ਪਹਿਲੀ ਮਈ ਨੂੰ ਉਨ੍ਹਾਂ ਦੇ ਜਨਮ ਦਿਹਾੜੇ ਤੇ ਚੇਤੇ ਕਰੇਗਾ। ਸਲਾਮ ਆਪਣੇ ਵੱਡ ਪੁਰਖੇ ਨੂੰ।

## ਮਜਦੂਰ ਤੋਂ ਲੈ ਕੇ ਲੈਕਚਰਾਰ ਤੱਕ ਦਾ ਸਫਰ ਤਹਿ ਕਰਨ ਵਾਲਾ : ਤੇਜਾ ਸਿੰਘ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ

ਅਧਿਆਪਕ ਕੌਮ ਦਾ ਨਿਰਮਾਤਾ ਮੰਨਿਆ ਜਾਂਦਾ ਹੈ ।ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏ ਸ੍ਰ. ਤੇਜਾ ਸਿੰਘ ਲੈਕਚਰਾਰ ਹਿੰਦੀ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਤੋਂ ਤਕਰੀਬਨ 37 ਸਾਲ ਦੀ ਸੇਵਾ ਪੂਰੀ ਕਰਕੇ 31 ਅਗਸਤ 2016 ਨੂੰ ਬਿਨ੍ਹਾਂ ਵਾਧਾ ਲਏ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ 15 ਅਗਸਤ1958 ਨੂੰ ਮਾਤਾ ਸਵ: ਸ੍ਰੀਮਤੀ ਅਜਮੇਰ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸਵ: ਸ੍ਰ. ਸਾਵਨ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ ।ਤੇਜਾ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਹੀ ਸਰਕਾਰੀ ਹਾਈ ਸਕੂਲ ਤੋਂ ਪ੍ਰਾਪਤ ਕਰਕੇ 1975 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਸੰਸ਼ਕ੍ਰਿਤ ਕਾਲਜ ਨਾਭਾ ਵਿਖੇ ਪ੍ਰਭਾਕਰ ਕਰਨ ਲਈ 1975 ਵਿੱਚ ਹੀ ਦਾਖਲਾ ਲੈ ਲਿਆ ।ਪ੍ਰਭਾਕਰ ਦੀ ਪ੍ਰੀਖਿਆ ਦੇ ਨਤੀਜਾ ਆਉਣ ਤੇ ਉਸ ਦੀ ਕੰਪਾਰਟਮੈਂਟ ਆ ਗਈ ।ਪਰਿਵਾਰ ਵੱਡਾ ਹੋਣ ਕਰਕੇ ਗਰੀਬੀ ਸਾਫ ਝਲਕਤੀ ਸੀ ਇਸੇ ਕਰਕੇ ਦੁਬਾਰਾ ਪੇਪਰ ਦੇਣ ਦੀ ਹਿੰਮਤ ਨਾ ਹੋਣ ਕਰਕੇ ਉਨ੍ਹਾਂ ਤਿੰਨ ਸਾਲ ਖੇਤੀਬਾੜੀ 'ਚ ਘਰਦਿਆਂ ਨਾਲ ਹੱਥ ਵਟਾਇਆ ਅਤੇ ਮਜਦੂਰੀ ਕਰਨ 'ਚ ਵੀ ਕੋਈ ਝਿਜਕ ਨਹੀਂ ਕੀਤੀ ।ਉਨ੍ਹਾਂ ਨੇ ਸੋਚਿਆ ਕਿ ਸੱਪਾਂ ਦੀਆਂ ਸਿਰੀਆਂ ਮਿਧਣ ਨਾਲੋਂ ਤਾਂ ਦੁਬਾਰਾ ਪੜ੍ਹਾਈ ਕਰਨੀ ਹੀ ਚੰਗੀ ਹੈ ।ਉਨ੍ਹਾਂ ਨੇ ਹੌਸ਼ਲਾ ਕਰਕੇ ਪ੍ਰਾਈਵੇਟ ਤੌਰ ਤੇ ਫੀਸ ਭਰ ਕੇ ਪ੍ਰਭਾਕਰ ਦੀ ਪ੍ਰੀਖਿਆ 1978 ਵਿੱਚ ਪਾਸ ਕਰ ਲਈ ।ਇਸ ਉਪਰੰਤ ਉਨ੍ਹਾਂ ਨੇ ਸਟੇਟ ਕਾਲਜ ਪਟਿਆਲਾ ਵਿੱਚ ਅਧਿਆਪਕ ਬਣਨ ਲਈ ਓ.ਟੀ. ਵਿੱਚ ਦਾਖਲਾ ਲੈ ਲਿਆ ਜਿਸ ਦੀ ਫੀਸ ਅਤੇ ਹੋਰ ਖਰਚਿਆਂ ਲਈ ਉਨ੍ਹਾਂ ਨੂੰ ਪੈਸੇ ਇੱਕ ਪਿੰਡ ਦੇ ਹੀ ਸੇਵਾ ਮੁਕਤ ਸੂਬੇਦਾਰ ਤੋਂ ਉਧਾਰ ਲੈਣੇ ਪਏ ।ਉਨ੍ਹਾਂ ਨੇਇੱਕ ਸਾਲ ਦੀ ਓ.ਟੀ. ਦੀ ਪ੍ਰੀਖਿਆ ਸਤੰਬਰ 1979 ਵਿੱਚ ਪਾਸ ਕਰਕੇ ਅਧਿਆਪਕ ਲੱਗਣ ਦੀ ਯੋਗਤਾ ਪ੍ਰਾਪਤ ਕਰ ਲਈ।ਉਨ੍ਹਾਂ ਦੀ ਸੋਚ ਅਤੇ ਉਮੀਦ ਨੂੰ ਉਸੀ ਸਾਲ ਹੀ ਬੂਰ ਪੈ ਗਿਆ ਜਦੋਂ ਉਨ੍ਹਾਂ ਦੀ ਜਿਲ੍ਹਾ ਸਿੱਖਿਆ ਅਫਸਰ ਪਟਿਆਲਾ ਵਲੋਂ ਐਡਹਾਕ ਪੱਧਰ ਤੇਬਤੌਰ ਹਿੰਦੀ ਟੀਚਰ ਨਿਯੁਕਤੀ ਹੋਣ ਉਪਰੰਤ ਉਨ੍ਹਾਂ ਨੇ 31 ਦਸੰਬਰ 1979 ਨੂੰ ਸਰਕਾਰੀ ਹਾਈ ਸਕੂਲ ਟਿੱਬੀ (ਜਿਲ੍ਹਾ ਪਟਿਆਲਾ ਹੁਣ ਫਤਿਹਗੜ੍ਹ ਸਾਹਿਬ) ਵਿਖੇ ਐਡਹਾਕ ਤੌਰ ਤੇ ਅਧਿਆਪਨ ਦਾ ਸਫਰ ਸ਼ੁਰੂ ਕੀਤਾ।ਉਨ੍ਹਾਂ ਦੇ ਮਨ ਵਿੱਚ ਉਚੇਰੀ ਪੜ੍ਹਾਈ ਪ੍ਰਾਈਵੇਟ ਤੌਰ ਤੇ ਕਰਨ ਦੀ ਤਮੰਨਾ ਕਰਕੇ ਉਨ੍ਹਾਂ ਨਾਭੇ ਰਿਹਾਇਸ਼ ਕਰ ਲਈ । ਉਨ੍ਹਾਂ ਦੀ ਪ੍ਰੈਪ ਵਿੱਚ ਅੰਗਰੇਜ਼ੀ ਦੀ ਰੀਅਪੀਅਰ ਆ ਗਈ ਪਰ ਬੀ.ਏ. ਭਾਗ ਪਹਿਲਾ ਪਾਸ ਕਰ ਲਿਆ । ਰੀਅਪੀਅਰ ਕਾਰਨ ਉਨ੍ਹਾਂ ਦਾ ਮਨ ਟੁੱਟ ਗਿਆ ਉਨ੍ਹਾਂ ਨੇ ਪੜ੍ਹਾਈ ਕਰਨੀ ਛੱਡ ਦਿੱਤੀ ।ਟਿੱਬੀ ਸਕੂਲ ਤੋਂ ਉਨ੍ਹਾਂ ਦੀ ਬਦਲੀ ਸ.ਮਿ.ਸ. ਬਹੇੜ (ਪਟਿਆਲਾ) ਹੋ ਗਈ । ਇਥੇ 20 ਮਈ 1981 ਨੂੰ ਉਨ੍ਹਾਂ ਨੇ ਹਾਜ਼ਰੀ ਦਿੱਤੀ ।ਇਸੇ ਦੌਰਾਨ ਉਨ੍ਹਾਂ ਦਾ ਵਿਆਹ ਬਾਗੜੀਆਂ ਵਿਖੇ ਅਕਤੂਬਰ 1981 ਵਿੱਚ ਸਵ: ਸ੍ਰ. ਜੰਗੀਰ ਸਿੰਘ (ਪੰਚ) ਦੀ ਪੁੱਤਰੀ ਕਮਲਜੀਤ ਕੌਰ ਨਾਲ ਹੋ ਗਿਆ ।ਉਨ੍ਹਾਂ ਸ.ਮਿ.ਸ. ਬਹੇੜ ਵਿਖੇ ਤਕਰੀਬਨ ਇੱਕ ਸਾਲ ਦੀ ਸੇਵਾ ਨਿਭਾਉਣ ਉਪਰੰਤ ਆਪਸੀ ਬਦਲੀ ਸ.ਹ.ਸ. ਤੰਦਾਬੱਧਾ ਵਿਖੇ ਹੋਣ ਤੇ 24 ਅਪ੍ਰੈਲ 1982 ਨੂੰ ਇਸ ਸਕੂਲ਼ ਵਿੱਚ ਹਾਜ਼ਰੀ ਦਿੱਤੀ । ਉਨ੍ਹਾਂ ਨੇ ਆਪਸੀ ਬਦਲੀ ਸ.ਹ.ਸ.ਮਲ੍ਹੇਹਵਾਲ ਵਿਖੇ ਕਰਵਾਕੇ 20 ਮਈ 1983 ਨੂੰ ਹਾਜ਼ਰੀ ਦੇ ਕੇ ਇਸ ਸਕੂਲ ਵਿੱਚ ਆਪਣੀ ਡਿਊਟੀ ਸ਼ੁਰੂ ਕਰ ਦਿੱਤੀ ।ਉਨ੍ਹਾਂ ਦੀ ਇਸ ਸਕੂਲ ਵਿੱਚ ਰੈਗੂਲਰ ਨਿਯੁਕਤੀ 10 ਅਗਸਤ 1984 ਨੂੰ ਪਿਛਲੀ ਤਾਰੀਖ 22 ਅਕਤੂਬਰ 1982 ਤੋਂ ਹੋ ਗਈ ।ਇਥੇ ਉਨ੍ਹਾਂ ਦੇ ਸੰਪਰਕ ਵਿੱਚ ਅਧਿਆਪਕ ਸ੍ਰੀ ਨਿਗਮ ਸਰੂਪ ਸਾਸ਼ਤਰੀ ਆਏ । ਉਚੇਰੀ ਪੜ੍ਹਾਈ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਿਰਫ ਇੰਗਲਿਸ਼ ਵਿਸ਼ੇ ਨਾਲ ਬੀ.ਏ. ਕਰਨ ਦਾ ਮੌਕਾ ਦਿੱਤਾ , ਦੋਹਾਂ ਨੇ ਦਾਖਲਾ ਲੈਣ ਦਾ ਮਨ ਬਣਾਇਆ ਪਰ ਰਸਤੇ 'ਚੋਂ ਹੀ ਖਾ ਪੀ ਕੇ ਕਿਸੇ ਕਾਰਨ ਮੁੜ ਆਏ ਜਿਸ ਕਾਰਨ ਇਹ ਮੌਕਾ ਖੁੰਝ ਗਿਆ ।ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੱਤਰ ਵਿਹਾਰ ਸਿੱਖਿਆ ਰਾਹੀਂ ਪ੍ਰਭਾਕਰ ਅਤੇ ਗਿਆਨੀ ਪਾਸ ਵਾਲਿਆਂ ਲਈ ਬੀ.ਏ. ਦੋ ਸਾਲਾਂ 'ਚ ਤਿੰਨ ਵਿਸ਼ਿਆਂ ਨਾਲ ਕਰਨ ਦੀ ਆਗਿਆ ਦੇ ਦਿੱਤੀ ।ਲੰਬੇ ਵਕਫੇ ਬਾਅਦ ਤੇਜਾ ਸਿੰਘ ਨੇ 1990 ਵਿੱਚ ਪੱਤਰ-ਵਿਹਾਰ ਰਾਹੀਂ ਦਾਖਲਾ ਲੈ ਲਿਆ ਅਤੇ 1992 ਵਿੱਚ ਬੀ.ਏ. ਪਾਸ ਕਰ ਲਈ ।ਉਨ੍ਹਾਂ ਨੇ 1994 ਵਿੱਚ ਪੱਤਰ–ਵਿਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐਡ ਕਰ ਲਈ ।ਉਨ੍ਹਾਂ ਨੇ 1996 ਵਿੱਚ ਐਮ.ਏ. ਹਿੰਦੀ ਅਤੇ 1999 ਵਿੱਚ ਐਮ.ਏ. (ਪੰਜਾਬੀ) ਪੱਤਰ-ਵਿਹਾਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕਰ ਲਈ ।ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਹੀ ਐਮ.ਐਡ. ਪੱਤਰ-ਵਿਹਾਰ ਰਾਹੀਂ 1998 ਵਿੱਚ ਕਰ ਲਈ । ਉਨ੍ਹਾਂ ਦੀ ਤਰੱਕੀ ਸਰਕਾਰੀ ਸੈਕੰਡਰੀ ਸਕੂਲ਼ ਮਲ੍ਹੇਹਵਾਲ ਤੋਂ ਬਤੌਰ ਸ.ਸ. ਮਾਸਟਰ ਸ.ਮਿ.ਸ.ਰਾਮਗੜ੍ਹ ਵਿਖੇ ਹੋ ਗਈ ਅਤੇ ਉਨ੍ਹਾਂ ਨੇ 6 ਨਵੰਬਰ 1995 ਨੂੰ ਹਾਜ਼ਰ ਹੋ ਕੇ ਸੇਵਾ ਆਰੰਭ ਕਰ ਦਿੱਤੀ ।ਉਹ ਇਸ ਸਕੂਲ ਵਿੱਚ ਬੱਚਿਆਂ ਨੂੰ ਵੱਖ-ਵੱਖ ਕੰਪੀਟੀਸ਼ਨਾਂ ਜਿਵੇਂ ਵਿਦਿਅਕ ,ਸਭਿਆਚਾਰਕ , ਖੇਡਾਂ ਆਦਿ 'ਚ ਭਾਗ ਦਿਵਾਉਣ ਲਈ ਤਿਆਰੀ ਕਰਵਾਉਂਦੇ ਰਹੇ ।ਉਹ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਨੈਤਿਕ ਸਿਖਿਆ ਆਦਿ ਬਾਰੇ ਲੈਕਚਰ ਦਿੰਦੇ ਰਹੇ ।ਉਹ ਪੜ੍ਹਾਈ ਵਿੱਚ ਕਮਜੋਰ ਅਤੇ ਗਰੀਬ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਪੜ੍ਹਾਉਂਦੇ ਰਹੇ ।ਜੋ ਵੀ ਫੰਡ ਉਨ੍ਹਾਂ ਨੂੰ ਮਿਲਦਾ ਉਸ ਨੂੰ ਸਲੀਕੇ ਨਾਲ ਸਾਂਭ ਕੇ ਰੱਖਣਾ , ਸਮੇਂ ਸਿਰ ਪੂਰਾ ਕਰਨਾ ਉਨ੍ਹਾਂ ਦੀ ਆਦਤ ਰਹੀ ਹੈ।ਉਹ 2003-04 ਵਿੱਚ ਇੰਡੀਅਨ ਰੈਡ ਕਰਾਸ ਦੇ ਲਾਈਫ ਮੈਂਬਰ ਇਨਰੋਲ ਹੋਏ ।ਸਕਾਊਟ ਮਾਸਟਰ ਦਾ ਬੇਸਿਕ ਕੋਰਸ ਉਨ੍ਹਾਂ 2005 ਵਿੱਚ ਸਫਲਤਾਪੂਰਵਕ ਸਪੰਨ ਕੀਤਾ । ਇਥੋਂ ਉਨ੍ਹਾਂ ਦੀ ਤਰੱਕੀ ਬਤੌਰ ਲੈਕਚਰਾਰ ਹਿੰਦੀ ਹੋਣ ਤੇ ਉਹ ਰਸਮੀ ਤੌਰ ਤੇ 9 ਜੂਨ 2008 ਨੂੰ ਸ.ਸ.ਸ.ਸ. ਲੜਕੀਆਂ ਨਾਭਾ ਵਿਖੇ ਹਾਜ਼ਰ ਹੋ ਗਏ । ਉਨ੍ਹਾਂ ਨੂੰ ਮਹਿਕਮੇ ਵਲੋਂ ਸ.ਸ.ਸ.ਸ.ਚਲੈਲਾ (ਪਟਿਆਲਾ) ਵਿਖੇ ਸਟੇਸ਼ਨ ਮਿਲਣ ਤੇ ਉਨ੍ਹਾਂ ਨੇ 1 ਅਗਸਤ 2008 ਨੂੰ ਇਸ ਸਕੂਲ਼ ਵਿੱਚ ਹਾਜ਼ਰੀ ਦਿੱਤੀ । ਉਹ 30 ਸਤੰਬਰ 2010 ਨੂੰ ਪੋਸਟ ਸਮੇਤ ਬਦਲੀ ਕਰਵਾ ਕੇ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ਼ ਮਾਡਲ ਟਾਊਨ ਪਟਿਆਲਾ ਵਿਖੇ ਹਾਜ਼ਰ ਹੋ ਕੇ ਸੇਵਾ ਨਿਭਾਉਣ ਲੱਗੇ । ਇਥੇ ਉਨ੍ਹਾਂ ਲੱਗਭੱਗ ਛੇ ਸਾਲ ਬੜੀ ਲਗਨ , ਮਿਹਨਤ , ਦ੍ਰਿੜਤਾ ਨਾਲ ਪੜ੍ਹਾਇਆ ।ਤਕਰੀਬਨ ਤਿੰਨ ਸਾਲ ਇਥੇ ਉਨ੍ਹਾ ਨੇ ਮਿਡਲ ਵਿੰਗ ਵਿੱਛ ਬਤੌਰ ਇੰਚਾਰਜ਼ ਪਿੰਸੀਪਲ ਸੇਵਾ ਨਿਭਾਈ ਅਤੇ ਵੱਡੇ ਸਟਾਫ ਦਾ ਜੀ.ਪੀ.ਐਫ. ਅਤੇ ਜੀ.ਆਈ.ਐਸ.ਦਾ ਕੰਮ ਹਮੇਸ਼ਾ ਸਾਫ-ਸੁੱਥਰਾ ਅਤੇ ਅਪਟੂਡੇਟ ਕਰ ਕੇ ਰੱਖਿਆ । ਉਨ੍ਹਾਂ ਨੇ ਅਧਿਆਪਕ-ਵਿਦਿਆਰਥੀ ਦੇ ਪਵਿੱਤਰ ਰਿਸ਼ਤੇ ਨੂੰ ਉੱਚੇ ਮੁਕਾਮ ਤੇ ਲਿਜਾਣ ਲਈ ਸਮਰਪਿਤ ਹੋ ਕੇ ਦਿਲੋਂ ਕੰਮ ਕੀਤਾ । ਜਿਲ੍ਹਾ ਸਿੱਖਿਆ ਅਫਸਰ(ਸੈ: ਸਿ:) ਪਟਿਆਲਾ ਵਲੋਂ ਅਧਿਆਪਕ ਦਿਵਸ਼ 2014 ਨੂੰ ਉਨ੍ਹਾਂ ਦੀਆਂ ਸਾਨਦਾਰ ਸੇਵਾਵਾਂ ਨੂੰ ਦੇਖਦਿਆਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ।ਕਿਰਤ ਕਰਨ , ਲਗਨ ,ਹਿੰਮਤ , ਦ੍ਰਿੜ ਇਰਾਦੇ ਦੀ ਮਿਸਾਲ ਉਨ੍ਹਾ ਦੇ ਨਾਭਾ ਵਿਖੇ ਘਰ ਦੇ ਦੁੱਧ ਲਈ ਮੱਝਾਂ ਰੱਖਣ ਤੋਂ ਮਿਲਦੀ ਹੈ ।ਉਹ ਸਕੂਲ਼ ਸਮੇਂ ਤੋਂ ਬਾਦ ਮੱਝਾਂ ਲਈ ਚਾਰਾ ਅਤੇ ਹੋਰ ਸੰਭਾਲ ਦੇ ਕੰਮ ਵੀਨਾਲੋ-ਨਾਲ ਕਰਦੇ ਰਹੇ । ਵਾਧੂ ਦੁੱਧ ਸੇਲ ਵੀ ਕਰਦੇ ਰਹੇ ।

ਉਨ੍ਹਾਂਨੇ ਬਹੁਤੀ ਸਰਵਿਸ ਸਾਈਕਲ ਤੇ ਜਾ ਕੇ ਕੀਤੀ । ਉਹ ਰੋਜ਼ਾਨਾ ਆਉਣ-ਜਾਣ 120 ਕਿਲੋਮੀਟਰ ਸਾਈਕਲ ਤੇ ਬਹੇੜ ਸਕੂਲ਼ ਜਾਂਦੇ ਰਹੇ ।ਹੁਣ ਵੀ ਉਹ ਸਿਹਤ ਪ੍ਰਤੀ ਜਾਗਰੂਕ ਹਨ ।

ਉਨ੍ਹਾਂ ਦੀ ਬੇਟੀ ਰੁਪਿੰਦਰ ਕੌਰ ਬੀ.ਏ. , ਹੈਲਥ ਐਂਡ ਬਿਊਟੀ ਦਾ ਕੋਰਸ ਕਰਕੇ ਸ.ਸ.ਸ.ਸ.ਨਦਾਮਪੁਰ ਵਿਖੇ ਵੋਕੇਸ਼ਨਲ ਟਰੇਨਰ ਦੀ ਸੇਵਾ ਨਿਭਾ ਰਹੀ ਹੈ । ਉਹ ਪਟਿਆਲਾ ਵਿਖੇ ਆਪਣੇ ਪਤੀ ਗੁਰਵਿੰਦਰ ਸਿੰਘ , ਬੇਟੀ ਸਹਿਜਲੀਨ ਕੌਰ ਅਤੇ ਬੇਟੇ ਸਮਰਵੀਰ ਸਿੰਘ ਨਾਲ ਰਹਿ ਰਹੀ ਹੈ । ਬੇਟਾ ਹਰਪ੍ਰੀਤ ਸਿੰਘ ਐਮ.ਬੀ.ਏ.(ਪੋਸਟ-ਗ੍ਰੇਜੁਏਟ) ਆਪਣੀ ਪਤਨੀ ਅਮਨਦੀਪ ਕੌਰਅਤੇ ਬੇਟੀ ਅਜਲਜੋਤ ਕੌਰ ਨਾਲ ਮੁਹਾਲੀ ਵਿਖੇ ਰਹਿ ਰਿਹਾ ਹੈ। ਦੂਸਰਾ ਬੇਟਾ ਦਵਿੰਦਰ ਸਿੰਘ (ਐਮ.ਟੈਕ.) ਆਪਣੀ ਪਤਨੀ ਲਵਪ੍ਰੀਤ ਕੌਰ ਅਤੇ ਬੇਟੇ ਗੁਰਸ਼ਬਦ ਸਿੰਘ ਨਾਲ ਆਸਟ੍ਰੇਲੀਆ ਵਿਖੇ ਰਹਿ ਰਿਹਾ ਹੈ ।

ਤੇਜਾ ਸਿੰਘ ਨੇ ਤਕਰੀਬਨ 37 ਸਾਲ ਈਮਾਨਦਾਰੀ ਨਾਲ ਬੇਦਾਗ਼ ਸ਼ਾਨਦਾਰ ਸੇਵਾ ਨਿਭਾ ਕੇ ਮਾਣ ਪ੍ਰਾਪਤ ਕੀਤਾ ਹੈ ।ਉਹ ਧਾਰਮਿਕ ਬਿਰਤੀ ਵਾਲੇ ਮਿਹਨਤੀ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।

ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਸਿਹਤਯਾਬੀ ਅਤੇ ਪਰਿਵਾਰਕ ਖੁਸ਼ੀਆਂ ਬਖਸ਼ੇ ।

## ਅੱਜ ਵੀ ਬੰਧੂਆਂ ਮਜ਼ਦੂਰਾਂ ਵਾਂਗ 10-12 ਘੰਟੇ ਕੰਮ ਕਰਵਾਉਂਦੇ ਨੇ ਕਈ ਪ੍ਰਾਈਵੇਟ ਅਦਾਰੇ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਪੂਰੇ ਵਿਸ਼ਵ ਦੇ ਕਾਨੂੰਨ ਵਾਂਗ ਹੀ ਅੰਤਰਰਾਸ਼ਟਰੀ ਮਜ਼ਦੂਰ ਦਿਵਸ 1 ਮਈ ਨੂੰ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ , ਜੋ ਕਿਰਤ ਅਧਿਕਾਰਾਂ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਘਟਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। 1886 ਵਿੱਚ, ਸੰਯੁਕਤ ਰਾਜ ਅਮਰੀਕਾ ਭਰ ਦੇ ਮਜ਼ਦੂਰਾਂ ਨੇ ਅੱਠ ਘੰਟੇ ਦੇ ਕੰਮ-ਦਿਨ ਦੀ ਮੰਗ ਲਈ ਇੱਕ ਰਾਸ਼ਟਰੀ ਹੜਤਾਲ ਦਾ ਆਯੋਜਨ ਕੀਤਾ। ਸ਼ਿਕਾਗੋ ਦੇ ਹੇਮਾਰਕੇਟ ਸਕੁਏਅਰ ਵਿੱਚ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ, ਜਿਸ ਦੇ ਨਤੀਜੇ ਵਜੋਂ ਕਈ ਮਜ਼ਦੂਰਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਕੁਰਬਾਨੀ ਦਾ ਸਨਮਾਨ ਕਰਨ ਲਈ, ਅੰਤਰਰਾਸ਼ਟਰੀ ਸਮਾਜਵਾਦੀ ਕਾਨਫਰੰਸ ਨੇ 1 ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਘੋਸ਼ਿਤ ਕੀਤਾ, ਜੋ ਕਿ ਦੁਨੀਆ ਭਰ ਦੇ ਮਜ਼ਦੂਰਾਂ ਦੇ ਸੰਘਰਸ਼ਾਂ ਅਤੇ ਪ੍ਰਾਪਤੀਆਂ ਨੂੰ ਮਾਨਤਾ ਦੇਣ ਦਾ ਦਿਨ ਹੈ, ਨਾਲ ਹੀ ਸਾਨੂੰ ਸਮਾਜਿਕ ਨਿਆਂ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਲਈ ਚੱਲ ਰਹੇ ਸੰਘਰਸ਼ਾਂ ਦੀ ਯਾਦ ਦਿਵਾਉਂਦਾ ਹੈ।

ਚਾਹੇ ਭਾਰਤ ਦੇਸ 1947 ਵਿੱਚ ਅਜ਼ਾਦ ਭਾਰਤ ਬਣ ਗਿਆ ਸੀ । ਭਾਰਤ ਦਾ ਵੱਖ਼ਰਾ ਕਾਨੂੰਨ ਬਣ ਗਿਆ ਹੈ ਸੀ । ਇਸ ਤਹਿਤ ਸਭ ਨੂੰ ਬਰਾਬਰ ਦੇ ਅਧਿਕਾਰ ਮਿਲ ਗਏ ਸਨ। ਬੰਧੂਆ ਮਜ਼ਦੂਰੀ, ਘੱਟ ਉਜ਼ਰਤਾਂ ਤੇ ਕੰਮ ਕਰਵਾਉਣਾ ਕਾਨੂੰਨੀ ਜੁਰਮ ਬਣਾ ਦਿੱਤਾ ਸੀ। ਕੰਮ ਦੇ ਘੰਟੇ ਅਤੇ ਦਿਨ ਨਿਸਚਿਤ ਕਰ ਦਿੱਤੇ ਸਨ। ਬਾਲ ਮਜ਼ਦੂਰੀ ਤੇ ਪੂਰਨ ਰੋਕ ਲਗਾ ਦਿੱਤੀ ਸੀ। ਮਜ਼ਦੂਰਾਂ ਦੀ ਭਲਾਈ ਲਈ ਭਾਰਤ ਸਰਕਾਰ ਨੇ ਕਿਰਤ ਤੇ ਰੋਜ਼ਗਾਰ ਸਥਾਪਤ ਕਰ ਦਿੱਤਾ ਸੀ। ਇਸ ਤੋਂ ਇਲਾਵਾਂ ਜੇਕਰ ਫਿਰ ਵੀ ਮਜ਼ਦੂਰਾਂ ਨਾਲ ਅਨਿਆਂ ਹੁੰਦਾਂ ਹੈ ,ਮਜ਼ਦੂਰਾਂ ਦੇ ਹੱਕਾਂ ਤੇ ਡਾਕੇ ਪੈਂਦੇ ਨੇ, ਤਾਂ ਇੱਕ ਵੱਖਰੀ ਲੈਂਬਰ ਕੋਰਟ ਬਣਾਈ ਗਈ ਸੀ। ਪੂਰੇ ਵਿਸ਼ਵ ਦੇ ਕਾਨੂੰਨ ਵਾਂਗ ਹੀ ਅੰਤਰਰਾਸ਼ਟਰੀ ਮਜ਼ਦੂਰ ਦਿਵਸ 1 ਮਈ ਨੂੰ ਭਾਵ ਕਿ ਮਜ਼ਦੂਰ ਦਿਵਸ ਭਾਰਤ ਸਮੇਤ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ । ਜ਼ਿਆਦਾਤਰ, ਮਈ ਦਿਵਸ 'ਤੇ, ਸਰਕਾਰੀ ਅਤੇ ਸਹਿਕਾਰੀ ਦਫ਼ਤਰ, ਸਕੂਲ ਕਾਲਜ ਆਦਿ ਤੋਂ ਇਲਾਵਾਂ ਲਿਮਟਿਡ ਅਦਾਰੇ, ਫ਼ੈਕਟਰੀਆਂ ਆਦਿ ਹੀ ਬੰਦ ਰਹਿੰਦੇ ਹਨ ।

ਪ੍ਰਾਈਵੇਟ ਸੈਕਟਰ ਦੀ ਤਸਵੀਰ ਵੀ ਬੜੀ ਚੰਗੀ ਨਹੀਂ ਹੈ। ਸੀ. ਐੱਮ. ਆਈ.ਈ. ਦੇ ਤਾਜ਼ਾ ਅੰਕੜੇ ਦੱਸ ਰਹੇ ਹਨ ਕਿ ਅਗਸਤ ਮਹੀਨੇ 'ਚ ਬੇਰੋਜ਼ਗਾਰੀ ਦਰ 12 ਮਹੀਨਿਆਂ ਦੇ ਸਭ ਤੋਂ ਉੱਚੇ ਪੱਧਰ 'ਤੇ 8.3 ਫੀਸਦੀ 'ਤੇ ਪਹੁੰਚ ਗਈ। ਬੇਰੋਜ਼ਗਾਰਾਂ ਦੀ ਸੂਚੀ 'ਚ ਅੱਜ ਸਿਰਫ ਪੜ੍ਹੇ-ਲਿਖੇ ਨੌਜਵਾਨ ਹੀ ਨਹੀਂ ਹਨ ਸਗੋਂ ਇਸਦੀ ਮਾਰ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ, ਆਦਿਵਾਸੀਆਂ, ਦਲਿਤਾਂ, ਕਮਜ਼ੋਰ ਤਬਕਿਆਂ 'ਤੇ ਵੀ ਪੈ ਰਹੀ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ 2021'ਚ 42000 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ ਜਿਸ ਦਾ ਮੁੱਖ ਕਾਰਨ ਬੇਰੋਜ਼ਗਾਰੀ, ਆਰਥਿਕ ਤੰਗੀ , ਮਹਿੰਗਾਈ ਅਤੇ ਕਰਜ਼ ਹੈ।

ਇਸ ਤੋਂ ਇਲਾਵਾ ਅੱਜ ਦੇ ਇਸ ਮਈ ਦਿਵਸ਼ ਤੋਂ ਬੇਖਬਰ ਲੱਖਾਂ ਅਜਿਹੇ ਮਜ਼ਦੂਰ ਜੋ ਛੋਟੇ ਕਾਰਖਾਨੇ, ਫੈਕਟਰੀਆਂ, ਹਸਪਤਾਲ,ਅਤੇ ਹੋਰ ਅਦਾਰੇ ਹਨ ਜਿੰਨ੍ਹਾਂ ਵਿੱਚ ਮਜ਼ਦੂਰ ਕੰਮ ਕਰਦੇ ਹਨ। ਉਹਨਾਂ ਮਜ਼ਦੂਰਾਂ ਤੋਂ ਇਹਨਾਂ ਅਦਾਰਿਆਂ ਦੇ ਮਾਲਿਕ ਜਿਹੜੇ ਸਰਕਾਰ ਦੀਆਂ ਨੀਤੀਆਂ ਨੂੰ ਨਕਾਰ ਕੇ ਮਜ਼ਦੂਰਾਂ ਤੋਂ ਬੰਧੂਆਂ ਮਜ਼ਦੂਰਾਂ ਦੀ ਤਰਾਂ 12-14 ਘੰਟੇ ਕੰਮ ਕਰਵਾਉਂਦੇ ਹਨ ਅਤੇ ਬਦਲੇ ਵਿੱਚ 8-10 ਹਜ਼ਾਰ ਮਾਸਿਕ ਤਨਖਾਹ ਹੀ ਮਸਾਂ ਦਿੰਦੇ ਹਨ ਉਹ ਵੀ ਤੁੱਛ ਜਿਹੀ ਤਨਖਾਹ ਤੇ ਲੈ ਰਹੇ ਹਨ। ਇਸ ਵਰਗ ਨੂੰ ਕੋਈ ਗਜਟਿਡ ਛੁੱਟੀ ਨਹੀ ਹੁੰਦੀ ਏਥੇ ਤੱਕ ਕਿ ਹਫਤਾਵਾਰੀ ਐਤਵਾਰ ਛੁੱਟੀ ਵੀ ਨਹੀ ਦਿੱਤੀ ਜਾਦੀ ਇਸ ਦੇ ਉਲਟ ਜਦ ਕੋਈ ਮੁਲਾਜਮ ਛੁੱਟੀ ਮਾਰਦਾ ਹੈ ਤਾਂ ਉਸ ਦੇ ਉਸ ਦਿਨ ਦੀ ਦਿਹਾੜੀ ਕੱਟ ਲੈਂਦੇ ਨੇ। ਇਹਨਾਂ ਪ੍ਰਾਈਵੇਟ ਅਦਾਰਿਆਂ ਦੇ ਮਾਲਿਕਾਂ ਦੇ ਆਪਣੇ ਹੀ ਵੱਖਰੇ ਕਾਨੂੰਨ ਹੁੰਦੇ ਹਨ। ਜਹਿੜੇ ਕਿ ਆਪਣੇ ਪੱਖੀ ਹੀ ਹੁੰਦੇ ਨੇ ਮੁਲਾਜ਼ਮਾਂ ਪੱਖੀ ਕੋਈ ਕਾਨੂੰਨ ਨਹੀ ਹੁੰਦੇ । ਅਗਰ ਕੋਈ ਮੁਲਾਜ਼ਮ ਵਿਰੋਧ ਕਰਦਾ ਹੈ ਤਾਂ ਉਸ ਨੂੰ ਅਦਾਰੇ ਵਿੱਚੋਂ ਹਟਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਉਹਨਾਂ ਤੇ ਕਈ ਤਰ੍ਹਾਂ ਦੇ ਬੋਲੋੜੇ ਦੋਸ਼ ਲਗਾ ਕੇ ਆਨੇ ਬਹਾਨੇ ਜ਼ਬਰੀ ਹਟਾਇਆਂ ਜਾਂਦਾ ਹੈ । ਜੇਕਰ ਕੋਈ ਫਿਰ ਵੀ ਨਹੀ ਹੱਟਦਾ ਤਾਂ ਉਹਨਾਂ ਮਜ਼ਦੂਰਾਂ ਨੂੰ ਮਾਲਿਕਾਂ ਵੱਲੋਂ ਆਨੇ ਬਹਾਨੇ ਤੰਗ ਕੀਤਾ ਜਾਂਦਾ ਹੈ , ਉਹਨਾਂ ਨੂੰ ਏਨਾਂ ਜ਼ਲੀਲ ਕਰਦੇ ਹਨ ਕਿ ਉਹ ਆਪਣੇ ਆਪ ਹੀ ਨੌਕਰੀ ਛੱਡਣ ਲਈ ਮਜਬੂਰ ਹੋ ਜਾਂਦਾ ਹੈ ਜਾਂ ਫਿਰ ਉਹ ਖੁਦਕਸ਼ੀ ਕਰ ਜਾਂਦਾ ਹੈ । ਭਾਵੇਂ ਸਾਡਾ ਮੀਡੀਆ ਇਸ ਸੰਬੰਧ ਵਿੱਚ ਕਦੇ ਵੀ ਮੂੰਹ ਨਹੀ ਖੋਲਦਾ ਕਿਉਕਿ ਸਾਡੇ ਦੇਸ ਦੇ ਮੀਡੀਆ ਇਹਨਾਂ ਅਦਾਰਿਆਂ ਤੋਂ ਇਸ਼ਤਿਹਾਰ ਆਦਿਕ ਲੈਂਦੇ ਹਨ ਜਿਸ ਕਰਕੇ ਉਹ ਕਦੇ ਵੀ ਮਜ਼ਦੂਰਾਂ ਦੇ ਹੱਕ ਵਿੱਚ ਨਹੀ ਬੋਲਦੇ। ਇਸ ਲਈ ਇਹਨਾਂ ਅਦਾਰਿਆਂ ਵਿੱਚ ਕੰਮ ਕਰਦੇ ਕਾਮੇਂ ਇਹਨਾਂ ਮਾਲਿਕਾਂ ਦੇ ਹੱਥੋਂ ਜ਼ਲੀਲ ਹੋ ਕੇ ਕਈ ਵਿਚਾਰੇ ਮਜ਼ਦੂਰ ਤਾਂ ਆਪਣੀ ਨੌਕਰੀ ਤੋਂ ਹੱਥ ਧੋ ਬੈਠੇ ਨੇ ਜਾਂ ਫਿਰ ਵਿਚਾਰੇ ਮੁਲਾਜ਼ਮਾਂ ਨੂੰ ਮਜਬੂਰੀ ਨੂੰ ਵੱਸ ਦਸ ਤੋਂ ਬਾਰਾਂ ਘੰਟੇ ਕੰਮ ਕਰਨਾਂ ਪੈਦਾ ਹੈ। ਕਿਉਕਿ ਏਹਨਾਂ ਮਜ਼ਦੂਰਾਂ ਦੇ ਹੱਕ ਵਿੱਚ ਕੋਈ ਕਾਨੂੰਨ ਨਹੀ। ਇਸ ਪਾਸੇ ਸਾਡੀਆਂ ਸਰਕਾਰਾਂ ਬਿਲਕੁੱਲ ਧਿਆਂਨ ਨਹੀ ਦੇ ਰਹੀਆਂ ਅਤੇ ਨਾ ਹੀ ਕਿਰਤ ਵਿਭਾਗ ਚੇਤੰਨ ਹੈ ਉਹ ਵੀ ਇਹਨਾਂ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਸਾਰ ਲੈ ਰਹੀ ਨਾਂ ਹੀ ਉਹਨਾਂ ਨੂੰ ਕਿਰਤ ਵਿਭਾਗ ਰਜਿਸਟ੍ਰੇਸ਼ਨ ਹੀ ਕਰਦੀ ਹੈ। ਇਹਨਾਂ ਮੁਲਾਜ਼ਮਾਂ ਦਾ ਕੋਈ ਵੀ ਕਿਰਤ ਵਿਭਾਗ ਕੋਲ ਕੋਈ ਵੀ ਰਿਕਾਰਡ ਨਹੀ ਹੈ । ਇਹਨਾਂ ਮੁਲਾਜ਼ਮਾਂ ਦਾ ਨਿੱਜੀ ਅਦਾਰਿਆਂ ਵੱਲੋਂ ਮੁਲਾਜ਼ਮਾਂ ਦੇ ਦੁਰਘਟਨਾਗ੍ਰਸਤ ਹੋਣ ਤੇ ਕੋਈ ਸਹੂਲਤ ਨਹੀ ਦਿੱਤੀ ਜਾਂਦੀ ਕੋਈ ਮੈਡੀਕਲ ਬੀਮਾਂ ਨਹੀ ਕਰਵਾਇਆ ਜਾਂਦਾ, ਕੋਈ ਈ ਪੀ ਐਫ ਫੰਡ ਹੀ ਕੱਟਿਆ ਜਾਂਦਾ ਹੈ, ਨਾ ਹੀ ਇਹਨਾਂ ਕਾਮਿਆਂ ਦਾ ਦੂਜੇ ਮਜ਼ਦੂਰਾਂ ਦੇ ਵਾਂਗ ਹੀ ਕੋਈ ਇਹਨਾਂ ਦਾ ਲਾਭ ਪਾਤਰੀ ਕਾਰਡ ਹੀ ਬਣਾਇਆ ਜਾਂਦਾ ਹੈ। ਇਸ ਕਰਕੇ ਇਹ ਵੱਧ ਪੜ੍ਹਿਆ ਲਿਖਿਆ ਬੇਰੁਜ਼ਗਾਰੀ ਦੀ ਮਾ ਹੇਠ ਆਇਆ ਵਰਗ ਸਭ ਤੋਂ ਦੁੱਖੀ ਵਰਗ ਹੈ । ਉਹ ਆਪਣੇ ਦੁੱਖ ਵੀ ਕਿਸੇ ਅੱਗੇ ਨਹੀ ਰੋਂਦੇ ।ਕਿਉਕਿ ਉਹਨਾਂ ਦੀ ਕੋਈ ਵੀ ਸਰਕਾਰ ਦਾਸਤਾਨ ਸੁਣਨ ਲਈ ਅੱਗੇ ਨਹੀ ਆਉਂਦੀ ਹੈ। ਕਈ ਵਾਰ ਤਾਂ ਇਹਨਾਂ ਦੇ ਹਾਲਾਤ ਦੇਖ ਕੇ ਲੱਗਦਾ ਹੈ ਕਿ ਉਹ ਭਾਰਤ ਵਿੱਚ ਨਹੀ ਕਿਸੇ ਹੋਰ ਗ਼ੁਲਾਮ ਦੇਸ ਵਿੱਚ ਰਿਹ ਰਹੇ ਹਨ । ਜਦ ਸਾਰਾ ਦੇਸ ਮਜ਼ਦੂਰ ਦਿਵਸ਼, ਅਜਾਦੀ ਦਿਵਸ਼ ਮਨਾ ਰਹੇ ਹੁੰਦੇ ਨੇ ਤਾਂ ਇਹ ਵਿਚਾਰੇ ਇਹਨਾਂ ਇਤਿਹਾਸਕ ਦਿਨਾਂ ਤੋਂ ਬੇਖ਼ਬਰ ਮੋਲੇ ਬਲਦ ਵਾਂਗੂੰ ਪੰਜਾਲੀ ਹੇਠ ਸਿਰ ਦੇ ਕੇ ਕੰਮ ਕਰ ਰਹੇ ਹੁੰਦੇ ਹਨ। ਸੋ, ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਹਨਾਂ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਚਾਹੇ ਉਹ ਹਸਪਤਾਲ, ਸਕੂਲ, ਵਰਕਸ਼ਾਪ, ਦੁਕਾਨਾਂ ਹੋਣ ਉਹਨਾਂ ਦੀ ਕਿਰਤ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਜਰੂਰੀ ਹੋਵੇ । ਮੁਲਾਜ਼ਮਾਂ ਨੂੰ ਪੂਰੀ ਤਨਖਾਹਾਂ ਜੋ ਕਿ ਪੰਜਾਬ ਸਰਕਾਰ ਨਿਰਧਾਰਤ ਕਰਦੀ ਹੈ। ਉਹਨਾਂ ਨੂੰ ਉਸ ਹਿਸਾਬ ਨਾਲ ਤਨਖਾਹਾਂ ਦਿਵਾਉਣੀਆ ਯਕੀਨੀ ਬਣਾਈਆ ਜਾਣ ਹਫ਼ਤਾਵਾਰੀ ਛੁੱਟੀ ਅਤੇ ਹੋਰ ਸਰਕਾਰੀ ਛੁੱਟੀਆਂ ਮਜ਼ਦੂਰਾਂ ਨੂੰ ਦੇਣੀਆ ਹਰ ਅਦਾਰੇ ਵਿੱਚ ਯਕੀਨਨ ਬਣਾਈ ਜਾਵੇ। ਇਹਨਾਂ ਅਦਾਰਿਆਂ ਨੂੰ ਵੀ ਫੈਕਟਰੀ ਐਕਟ ਤਹਿਤ ਲਿਆਂਦੇ ਜਾਣ




ਦੱਸਣਾ ਬਣਦਾ ਹੈ ਕਿ ਅੱਜ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਬਾਲਗ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੇ ਮੁਕਾਬਲੇ ਜ਼ਿਆਦਾ ਹੈ। ਮੌਜੂਦਾ ਸਮਿਆਂ ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਮੱਸਿਆਂ ਪੜ੍ਹੇ ਲਿਖੇ ਨੌਜਵਾਨਾਂ ਵਿੱਚ ਬਹੁਤ ਜ਼ਿਆਦਾ ਹੈ ਅਤੇ ਦੇਸ਼ ਦੀ ਬੇਰੁਜ਼ਗਾਰੀ ਨੂੰ ਹੁਣ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਵੀ ਕਿਹਾ ਜਾ ਸਕਦਾ ਹੈ ਜਿਹੜੀ ਆਉਣ ਵਾਲੇ ਸਮੇਂ ਵਿੱਚ ਬਹੁਤ ਗੰਭੀਰ ਮਸਲਾ ਹੋਵੇਗਾ